## ਅਧਿਆਇ 33

# ਮਿਸਰ ਤੋਂ ਕਨਾਨ ਵੱਲ - ਇਕ ਸਰਵੇਖਣ ਅਤੇ ਇਕ ਚੁਣੌਤੀ

ਇਸਰਾਏਲੀ ਯਰਦਨ ਦੇ ਕੰਢੇ ਤੇ ਸਨ ਅਤੇ ਕਨਾਨ ਵਿਚ ਦਾਖਲ ਹੋਣ ਵਾਲੇ ਸਨ। ਇਸ ਅਧਿਆਇ ਵਿਚ ਮੂਸਾ ਨੇ ਉਨ੍ਹਾਂ ਦੇ ਸਫ਼ਰ (33:1-49) ਅਤੇ ਅੱਗੇ ਉਨ੍ਹਾਂ ਨੇ ਜੋ ਕਰਨਾ ਸੀ ਉਸ ਦੇ ਸੰਬੰਧ ਵਿਚ ਪਰਮੇਸ਼ੁਰ ਦੇ ਹੁਕਮਾਂ ਬਾਰੇ ਲਿਖਿਆ ਹੈ (33:50-56)। ਅਧਿਆਇ ਦੇ ਪਹਿਲੇ ਅਤੇ ਲੰਬੇ ਹਿੱਸੇ ਵਿਚ ਇਸਰਾਏਲੀਆਂ ਦੇ ਮਿਸਰ ਤੋਂ ਲੈ ਕੇ ਯਰਦਨ ਦੇ ਕੰਢੇ ਤੱਕ ਦੇ ਉਜਾੜ ਦੇ ਸਫ਼ਰ ਦਾ ਇਕ ਸਰਵੇਖਣ ਹੈ ਜਦੋਂ ਉਹ ਇਕ ਡੇਰੇ ਤੋਂ ਦੂਜੇ ਡੇਰੇ ਵਿਚ ਗਏ। ਆਖ਼ਰੀ ਸੱਤ ਆਇਤਾਂ ਵਿਚ ਉਸ ਸੰਬੰਧੀ ਪਰਮੇਸ਼ੁਰ ਦੀਆਂ ਹਦਾਇਤਾਂ ਹਨ ਜੋ ਇਸਰਾਏਲੀਆਂ ਨੇ ਉਨ੍ਹਾਂ ਲੋਕਾਂ ਦੇ ਬਾਰੇ ਕਰਨਾ ਸੀ ਜਿਹੜੇ ਕਨਾਨ ਵਿਚ ਰਹਿੰਦੇ ਸਨ ਜਦੋਂ ਉਨ੍ਹਾਂ ਨੇ ਯਰਦਨ ਨੂੰ ਪਾਰ ਕੀਤਾ: (1) ਉਨ੍ਹਾਂ ਨੇ ਧਰਤੀ ਦੇ ਵਸਨੀਕਾਂ ਨੂੰ ਪੂਰੀ ਤਰ੍ਹਾਂ ਬਾਹਰ ਕੱਢਣਾ ਸੀ। (2) ਉਨ੍ਹਾਂ ਨੇ ਦੇਸ ਵਿਚ ਪਾਏ ਜਾਣ ਵਾਲੇ ਮੂਰਤੀ ਪੂਜਾ ਦੇ ਹਰੇਕ ਨਿਸ਼ਾਨ ਨੂੰ ਮਿਟਾਉਣਾ ਸੀ। (3) ਇਸਰਾਏਲੀਆਂ ਵਿਚ ਧਰਤੀ ਨੂੰ ਗੁਣੇ ਪਾ ਕੇ ਵੰਡਿਆ ਜਾਣਾ ਸੀ। (4) ਵੱਡੇ ਗੋਤਾਂ ਨੂੰ ਵੱਡੀ ਮਿਲਖ ਦਿੱਤੀ ਜਾਣੀ ਸੀ ਅਤੇ ਛੋਟੇ ਗੋਤਾਂ ਨੂੰ ਛੋਟੀ ਮਿਲਖ ਦਿੱਤੀ ਜਾਣੀ ਸੀ।

ਗਿਣਤੀ ਦੀ ਪੁਸਤਕ ਦੇ ਆਖ਼ਰੀ ਪੰਜ ਅਧਿਆਵਾਂ ਵਿਚ ਜ਼ਿਆਦਾਤਰ ਇਸਰਾਏਲੀਆਂ ਦੇ ਵਾਅਦੇ ਦੀ ਧਰਤੀ ਵਿਚ ਦਾਖਲ ਹੋਣ ਦੇ ਬਾਰੇ ਲਿਖਿਆ ਗਿਆ ਹੈ। ਇਸ ਭਾਗ ਦਾ ਨਿਚੋੜ ਹੇਠ ਲਿਖੇ ਅਨੁਸਾਰ ਕੱਢਿਆ ਜਾ ਸਕਦਾ ਹੈ:

- 32 - ਰਊਬੇਨ ਅਤੇ ਗਾਦ ਅਤੇ ਮਨੱਸ਼ਹ ਦੇ ਅੱਧੇ ਗੋਤ ਨੂੰ ਦਿੱਤੀ ਗਈ ਧਰਤੀ।
- 33 - ਧਰਤੀ ਵੱਲ ਨੂੰ ਸਫ਼ਰ ਅਤੇ ਧਰਤੀ ਵਿਚ ਰਹਿ ਰਹੇ ਲੋਕਾਂ ਬਾਰੇ ਜੋ ਕੀਤਾ ਜਾਣਾ ਸੀ।
- 34 - ਧਰਤੀ ਦੀਆਂ ਹੱਦਾਂ ਅਤੇ ਵੰਡ।
- 35 - ਧਰਤੀ ਵਿਚ ਲੇਵੀਆਂ ਨੂੰ ਨਗਰਾਂ ਦਾ ਦਿੱਤਾ ਜਾਣਾ (ਪਨਾਹ ਦੇ ਨਗਰਾਂ ਸਮੇਤ)।
- 36 - ਹਰ ਗੋਤ ਦਾ ਹਿੱਸਾ ਗੋਤ ਦੇ ਅੰਦਰ ਰੱਖਿਆ ਜਾਣਾ ਸੀ।

ਧਰਤੀ ਦੇ ਸੰਬੰਧ ਵਿਚ ਇਨ੍ਹਾਂ ਅਧਿਆਵਾਂ ਵਿਚ ਦਿੱਤੀਆਂ ਗਈਆਂ ਬਿਧੀਆਂ ਇਸਰਾਏਲੀਆਂ ਦੀ ਨਵੀਂ ਪੀੜ੍ਹੀ ਨੂੰ ਹੱਲਾਸ਼ੇਰੀ ਦੇਣ ਵਾਲੀਆਂ ਸਨ। ਹਾਲਾਂਕਿ ਉਨ੍ਹਾਂ ਦੇ ਮਾਪਿਆਂ ਨੂੰ ਵਾਅਦੇ ਦੀ ਧਰਤੀ ਵਿਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ ਸੀ, ਉਹ ਖੁਦ ਛੇਤੀ ਇਸ ਤੇ ਕਬਜ਼ਾ ਕਰਨ ਵਾਲੇ ਸਨ।

# ਪਿੱਛੇ ਨੂੰ ਵੇਖਣਾ: ਮਿਸਰ ਤੋਂ ਯਰਦਨ ਵੱਲ ਨੂੰ ਸਫ਼ਰ (33:1-49)

1ਏਹ ਇਸਰਾਏਲੀਆਂ ਦੇ ਸਫ਼ਰ ਹਨ ਜਦ ਓਹ ਮਿਸਰ ਦੇਸ ਤੋਂ ਆਪਣੀਆਂ ਸੈਨਾਂ
ਅਨੁਸਾਰ ਮੂਸਾ ਅਰ ਹਾਰੂਨ ਦੀ ਅਗਵਾਈ ਨਾਲ ਨਿੱਕਲੇ। 2ਅਤੇ ਮੂਸਾ ਨੇ ਉਨ੍ਹਾਂ ਦੇ ਸਫ਼ਰਾਂ
ਨੂੰ ਉਨ੍ਹਾਂ ਦੀਆਂ ਮੰਜਲਾਂ ਅਨੁਸਾਰ ਯਹੋਵਾਹ ਦੇ ਹੁਕਮ ਨਾਲ ਲਿਖਿਆ ਸੋ ਉਨ੍ਹਾਂ ਦੇ ਸਫ਼ਰ
ਦੀਆਂ ਮੰਜਲਾਂ ਏਹ ਹਨ - 3ਉਨ੍ਹਾਂ ਨੇ ਰਾਮਸੇਸ ਤੋਂ ਪਹਿਲੇ ਮਹੀਨੇ ਦੇ ਪੰਦਰਵੇਂ ਦਿਨ ਕੂਚ
ਕੀਤਾ। ਪਸਹ ਦੇ ਇੱਕ ਦਿਨ ਪਿੱਛੋਂ ਇਸਰਾਏਲੀ ਜ਼ਬਰਦਸਤੀ ਨਾਲ ਸਾਰੇ ਮਿਸਰੀਆਂ ਦੇ
ਵੇਖਦਿਆਂ ਤੇ ਨਿੱਕਲ ਗਏ। 4ਜਦੋਂ ਮਿਸਰੀ ਸਾਰੇ ਪਲੋਠਿਆਂ ਨੂੰ ਜਿਨ੍ਹਾਂ ਨੂੰ ਯਹੋਵਾਹ ਨੇ
ਉਨ੍ਹਾਂ ਦੇ ਵਿੱਚ ਮਾਰਿਆ ਸੀ ਦੱਬ ਰਹੇ ਸਨ ਅਤੇ ਯਹੋਵਾਹ ਨੇ ਉਨ੍ਹਾਂ ਦੇ ਦੇਵਤਿਆਂ ਦਾ
ਫ਼ੈਸਲਾ ਕਰ ਕੇ ਉਨ੍ਹਾਂ ਨੂੰ ਸਜ਼ਾ ਦਿੱਤੀ।

5ਤਾਂ ਇਸਰਾਏਲੀਆਂ ਨੇ ਰਾਮਸੇਸ ਤੋਂ ਕੂਚ ਕਰ ਕੇ ਸੁੱਕੋਥ ਵਿੱਚ ਆਪਣੇ ਡੇਰੇ ਲਾਏ।
6ਤਾਂ ਉਨ੍ਹਾਂ ਨੇ ਸੁੱਕੋਥ ਤੋਂ ਕੂਚ ਕਰ ਕੇ ਏਥਾਮ ਵਿੱਚ ਡੇਰੇ ਲਾਏ ਜਿਹੜਾ ਉਜਾੜ ਦੀ ਹੱਦ ਉੱਤੇ
ਹੈ। 7ਫੇਰ ਏਥਾਮ ਤੋਂ ਕੂਚ ਕਰ ਕੇ ਓਹ ਪੀ-ਹਹੀਰੋਥ ਨੂੰ ਮੁੜੇ ਜਿਹੜਾ ਬਆਲਸਫ਼ੋਨ ਦੇ ਅੱਗੇ
ਹੈ ਅਤੇ ਮਿਗ਼ਦੋਲ ਦੇ ਅੱਗੇ ਉਨ੍ਹਾਂ ਨੇ ਡੇਰੇ ਲਾਏ। 8ਤਾਂ ਹਹੀਰੋਥ ਦੇ ਅੱਗੋਂ ਕੂਚ ਕਰ ਕੇ ਓਹ
ਸਮੁੰਦਰ ਦੇ ਵਿੱਚੋਂ ਦੀ ਲੰਘ ਕੇ ਉਜਾੜ ਵਿੱਚ ਆਏ ਅਤੇ ਉਨ੍ਹਾਂ ਨੇ ਏਥਾਮ ਦੀ ਉਜਾੜ ਵਿੱਚ
ਤਿੰਨ ਦਿਨ ਦਾ ਸਫ਼ਰ ਕਰ ਕੇ ਮਾਰਾਹ ਵਿੱਚ ਡੇਰੇ ਲਾਏ। 9ਅਤੇ ਮਾਰਾਹ ਤੋਂ ਕੂਚ ਕਰ ਕੇ
ਓਹ ਏਲੀਮ ਨੂੰ ਆਏ ਜਿੱਥੇ ਪਾਣੀ ਦੇ ਬਾਰਾਂ ਸੋਤੇ ਅਰ ਸੱਤਰ ਖਜੂਰ ਦੇ ਬਿਰਛ ਸਨ, ਸੋ
ਉੱਥੇ ਉਨ੍ਹਾਂ ਨੇ ਡੇਰੇ ਲਾਏ। 10ਫੇਰ ਉਨ੍ਹਾਂ ਨੇ ਏਲੀਮ ਤੋਂ ਕੂਚ ਕਰ ਕੇ ਲਾਲ ਸਮੁੰਦਰ ਕੋਲ ਡੇਰੇ
ਲਾਏ। 11ਅਤੇ ਲਾਲ ਸਮੁੰਦਰ ਤੋਂ ਕੂਚ ਕਰ ਕੇ ਸੀਨ ਦੀ ਉਜਾੜ ਵਿੱਚ ਡੇਰੇ ਲਾਏ। 12ਤਾਂ ਸੀਨ
ਦੀ ਉਜਾੜ ਤੋਂ ਕੂਚ ਕਰ ਕੇ ਦਾਫ਼ਕਾਹ ਵਿੱਚ ਡੇਰੇ ਲਾਏ। 13ਤਾਂ ਦਾਫ਼ਕਾਹ ਤੋਂ ਕੂਚ ਕਰ ਕੇ
ਆਲੂਸ਼ ਵਿੱਚ ਡੇਰੇ ਲਾਏ। 14ਤਾਂ ਆਲੂਸ਼ ਤੋਂ ਕੂਚ ਕਰ ਕੇ ਰਫ਼ੀਦਿਮ ਵਿੱਚ ਡੇਰੇ ਲਾਏ ਪਰ
ਉੱਥੇ ਲੋਕਾਂ ਦੇ ਪੀਣ ਲਈ ਪਾਣੀ ਨਹੀਂ ਸੀ। 15ਫੇਰ ਰਫ਼ੀਦਿਮ ਤੋਂ ਕੂਚ ਕਰ ਕੇ ਸੀਨਈ ਦੀ
ਉਜਾੜ ਵਿੱਚ ਡੇਰੇ ਲਾਏ। 16ਅਤੇ ਸੀਨਈ ਦੀ ਉਜਾੜ ਤੋਂ ਕੂਚ ਕਰ ਕੇ ਕਿਬਰੋਥ-ਹੱਤਅਵਾਹ
ਵਿੱਚ ਡੇਰੇ ਲਾਏ।

17ਤਾਂ ਕਿਬਰੋਥ-ਹੱਤਅਵਾਹ ਤੋਂ ਕੂਚ ਕਰ ਕੇ ਹਸੇਰੋਥ ਵਿੱਚ ਡੇਰੇ ਲਾਏ। 18ਤਾਂ ਹਸੇਰੋਥ
ਤੋਂ ਕੂਚ ਕਰ ਕੇ ਰਿਥਮਾਹ ਵਿੱਚ ਡੇਰੇ ਲਾਏ। 19ਅਤੇ ਰਿਥਮਾਹ ਤੋਂ ਕੂਚ ਕਰ ਕੇ ਰਿੰਮੋਨ-
ਪਾਰਸ ਵਿੱਚ ਡੇਰੇ ਲਾਏ। 20ਅਤੇ ਰਿੰਮੋਨ-ਪਾਰਸ ਤੋਂ ਕੂਚ ਕਰ ਕੇ ਲਿਬਨਾਹ ਵਿੱਚ ਡੇਰੇ
ਲਾਏ। 21ਤਾਂ ਲਿਬਨਾਹ ਤੋਂ ਕੂਚ ਕਰ ਕੇ ਰਿੱਸਾਹ ਵਿੱਚ ਡੇਰੇ ਲਾਏ। 22ਤਾਂ ਰਿੱਸਾਹ ਤੋਂ ਕੂਚ
ਕਰ ਕੇ ਕਹੇਲਾਥਾਹ ਵਿੱਚ ਡੇਰੇ ਲਾਏ। 23ਅਤੇ ਕਹੇਲਾਥਾਹ ਤੋਂ ਕੂਚ ਕਰ ਕੇ ਸ਼ਾਫ਼ਰ ਪਹਾੜ
ਵਿੱਚ ਡੇਰੇ ਲਾਏ। 24ਤਾਂ ਸ਼ਾਫ਼ਰ ਪਹਾੜ ਤੋਂ ਕੂਚ ਕਰ ਕੇ ਹਰਾਦਾਹ ਵਿੱਚ ਡੇਰੇ ਲਾਏ। 25ਤਾਂ
ਹਰਾਦਾਹ ਤੋਂ ਕੂਚ ਕਰ ਕੇ ਮਕਹੇਲੋਥ ਵਿੱਚ ਡੇਰੇ ਲਾਏ। 26ਫੇਰ ਮਕਹੇਲੋਥ ਤੋਂ ਕੂਚ ਕਰ ਕੇ
ਤਾਹਥ ਵਿੱਚ ਡੇਰੇ ਲਾਏ। 27ਅਤੇ ਤਾਹਥ ਤੋਂ ਕੂਚ ਕਰ ਕੇ ਥਾਰਹ ਵਿੱਚ ਡੇਰੇ ਲਾਏ। 28ਅਤੇ
ਥਾਰਹ ਤੋਂ ਕੂਚ ਕਰ ਕੇ ਮਿਥਕਾਹ ਵਿੱਚ ਡੇਰੇ ਲਾਏ। 29ਤਾਂ ਮਿਥਕਾਹ ਤੋਂ ਕੂਚ ਕਰ ਕੇ
ਹਸ਼ਮੋਨਾਹ ਵਿੱਚ ਡੇਰੇ ਲਾਏ। 30ਤਾਂ ਹਸ਼ਮੋਨਾਹ ਤੋਂ ਕੂਚ ਕਰ ਕੇ ਮੋਸੇਰੋਥ ਵਿੱਚ ਡੇਰੇ ਲਾਏ।
31ਅਤੇ ਮੋਸੇਰੋਥ ਤੋਂ ਕੂਚ ਕਰ ਕੇ ਬਨੇ-ਯਆਕਾਨ ਵਿੱਚ ਡੇਰੇ ਲਾਏ। 32ਤਾਂ ਬਨੇ-ਯਆਕਾਨ ਤੋਂ
ਕੂਚ ਕਰ ਕੇ ਹੋਰ-ਹਗਿਦਗਾਦ ਵਿੱਚ ਡੇਰੇ ਲਾਏ। 33ਫੇਰ ਹੋਰ-ਹਗਿਦਗਾਦ ਤੋਂ ਕੂਚ ਕਰ ਕੇ
ਯਾਟਬਾਥਾਹ ਵਿੱਚ ਡੇਰੇ ਲਾਏ। 34ਅਤੇ ਯਾਟਬਾਥਾਹ ਤੋਂ ਕੂਚ ਕਰ ਕੇ ਅਬਰੋਨਾਹ ਵਿੱਚ ਡੇਰੇ
ਲਾਏ। 35ਤਾਂ ਅਬਰੋਨਾਹ ਤੋਂ ਕੂਚ ਕਰ ਕੇ ਅਸਯੋਨ-ਗਬਰ ਵਿੱਚ ਡੇਰੇ ਲਾਏ। 36ਤਾਂ ਅਸਯੋਨ-

**ਗਬਰ ਤੋਂ ਕੂਚ ਕਰ ਕੇ ਸੀਨ ਦੀ ਉਜਾੜ ਵਿੱਚ ਜਿਹੜੀ ਕਾਦੇਸ਼ ਹੈ ਡੇਰੇ ਲਾਏ। [37]ਅਤੇ
ਕਾਦੇਸ਼ ਤੋਂ ਕੂਚ ਕਰ ਕੇ ਹੋਰ ਨਾਮੇ ਪਹਾੜ ਵਿੱਚ ਅਦੋਮ ਦੇਸ ਦੀ ਹੱਦ ਉੱਤੇ ਡੇਰੇ ਲਾਏ।**

**[38]ਅਤੇ ਹਾਰੂਨ ਜਾਜਕ ਹੋਰ ਪਹਾੜ ਉੱਤੇ ਯਹੋਵਾਹ ਦੇ ਹੁਕਮ ਨਾਲ ਚੜ੍ਹਿਆ ਅਤੇ ਉੱਥੇ
ਉਹ ਮਰ ਗਿਆ। ਇਸਰਾਏਲੀਆਂ ਦੇ ਮਿਸਰ ਦੇਸ ਤੋਂ ਨਿੱਕਲਣ ਦੇ ਚਾਲੀਵੇਂ ਵਰਹੇ ਦੇ
ਪੰਜਵੇਂ ਮਹੀਨੇ ਦੇ ਪਹਿਲੇ ਦਿਨ ਉਹ ਮਰ ਗਿਆ। [39]ਅਤੇ ਹਾਰੂਨ ਇੱਕ ਸੌ ਤੇਈ ਵਰਿਹਾਂ
ਦਾ ਸੀ ਜਦ ਉਹ ਹੋਰ ਪਹਾੜ ਉੱਤੇ ਮਰ ਗਿਆ।**

**[40]ਕਨਾਨੀਆਂ ਦੇ ਰਾਜਾ ਅਰਾਦ ਨੇ ਜੋ ਕਨਾਨ ਦੇਸ ਦੇ ਦੱਖਣ ਵੱਲ ਰਹਿੰਦਾ ਸੀ
ਇਸਰਾਏਲੀਆਂ ਦੇ ਆਉਣ ਦੀ ਖਬਰ ਸੁਣੀ।**

**[41]ਅਤੇ ਉਨ੍ਹਾਂ ਨੇ ਹੋਰ ਪਹਾੜ ਤੋਂ ਕੂਚ ਕਰ ਕੇ ਸਲਮੋਨਾਹ ਵਿੱਚ ਡੇਰੇ ਲਾਏ। [42]ਤਾਂ
ਸਲਮੋਨਾਹ ਤੋਂ ਕੂਚ ਕਰ ਕੇ ਫ਼ੂਨੋਨ ਵਿੱਚ ਡੇਰੇ ਲਾਏ। [43]ਤਾਂ ਫ਼ੂਨੋਨ ਤੋਂ ਕੂਚ ਕਰ ਕੇ ਓਬੋਥ
ਵਿੱਚ ਡੇਰੇ ਲਾਏ। [44]ਅਤੇ ਓਬੋਥ ਤੋਂ ਕੂਚ ਕਰ ਕੇ ਇਯੇ-ਅਬਾਰੀਮ ਵਿੱਚ ਮੋਆਬ ਦੀ ਸਰਹੱਦ
ਉੱਤੇ ਡੇਰੇ ਲਾਏ। [45]ਤਾਂ ਈਯੇ ਤੋਂ ਕੂਚ ਕਰ ਕੇ ਦੀਬੋਨ-ਗਾਦ ਵਿੱਚ ਡੇਰੇ ਲਾਏ। [46]ਅਤੇ ਦੀਬੋਨ-
ਗਾਦ ਤੋਂ ਕੂਚ ਕਰ ਕੇ ਅਲਮੋਨ-ਦਿਬਲਾਤੈਮਾਹ ਵਿੱਚ ਡੇਰੇ ਲਾਏ। [47]ਅਤੇ ਅਲਮੋਨ-
ਦਿਬਲਾਤੈਮਾਹ ਤੋਂ ਕੂਚ ਕਰ ਕੇ ਅਬਾਰੀਮ ਦੇ ਪਹਾੜਾਂ ਵਿੱਚ ਨਬੋ ਦੇ ਅੱਗੇ ਡੇਰੇ ਲਾਏ।
[48]ਅਬਾਰੀਮ ਦੇ ਪਹਾੜਾਂ ਤੋਂ ਕੂਚ ਕਰ ਕੇ ਮੋਆਬ ਦੇ ਮਦਾਨ ਵਿੱਚ ਯਰਦਨ ਉੱਤੇ ਯਰੀਹੋ
ਕੋਲ ਡੇਰੇ ਲਾਏ। [49]ਅਤੇ ਉਨ੍ਹਾਂ ਨੇ ਯਰਦਨ ਉੱਤੇ ਬੈਤ-ਯਸ਼ਿਮੋਥ ਤੋਂ ਆਬੇਲ-ਸ਼ਿੱਟੀਮ ਤੀਕ
ਮੋਆਬ ਦੇ ਮਦਾਨ ਵਿੱਚ ਡੇਰੇ ਲਾਏ।**

**ਆਇਤਾਂ 1, 2.** ਇਸ ਲੰਬੇ ਬੰਦ ਵਿਚ ਉਸ ਸਮੇਂ ਤੋਂ ਲੈ ਕੇ ਜਦੋਂ **ਇਸਰਾਏਲੀ ਮਿਸਰ ਦੇਸ ਤੋਂ ਨਿੱਕਲੇ** ਸਨ ਉਨ੍ਹਾਂ ਦੇ ਯਰਦਨ ਨਦੀ ਦੇ ਨੇੜੇ ਪਹੁੰਚਣ ਤੱਕ ਦੇ ਸਫ਼ਰ ਦਾ ਵਿਵਰਣ ਹੈ। ਮੂਸਾ ਨੇ ਆਪਣੇ ਆਪ ਨੂੰ ਉਸ ਸਫ਼ਰ ਦੇ ਇਕ ਸ੍ਰੋਤ ਵਜੋਂ ਪਛਾਣਿਆ ਜੋ ਅੱਗੇ ਆਉਣ ਵਾਲਾ ਸੀ, ਇਕ ਅਜਿਹਾ ਤੱਥ ਜੋ ਉਸ ਦੇ ਪੰਚਗ੍ਰੰਥ ਦਾ ਲੇਖਕ ਹੋਣ ਦੇ ਇਕ ਵਾਧੂ ਸਬੂਤ ਦੇ ਰੂਪ ਵਿਚ ਕੰਮ ਕਰਦਾ ਹੈ। ਉਸ ਨੇ ਇਸਰਾਏਲੀਆਂ ਦੇ **ਸਫ਼ਰਾਂ** ਨੂੰ ਉਨ੍ਹਾਂ ਦੀਆਂ ਮੰਜਲਾਂ ਅਨੁਸਾਰ ਲਿਖਿਆ। ਅਨੁਵਾਦ ਕੀਤਾ ਗਿਆ ਸ਼ਬਦ "ਸਫ਼ਰਾਂ" (מוֹצָא, *ਮੋਟਸਾ)* ਦਾ ਅਰਥ "ਬਾਹਰ ਜਾਣਾ" (KJV) ਜਾਂ "ਪੜਾਅ" (NIV) ਵੀ ਹੁੰਦਾ ਹੈ।

**ਆਇਤਾਂ 3, 4.** ਉਨ੍ਹਾਂ ਦਾ ਸਫ਼ਰ **ਰਾਮਸੇਸ ਤੋਂ ਪਹਿਲੇ ਮਹੀਨੇ ਦੇ ਪੰਦਰਵੇਂ ਦਿਨ** ਸ਼ੁਰੂ ਹੋਇਆ ਸੀ। ਇਹ **ਪਸਾਹ ਦੇ ਇੱਕ ਦਿਨ ਪਿੱਛੋਂ** ਸੀ, ਜਦੋਂ ਪਰਮੇਸ਼ੁਰ ਨੇ ਮਿਸਰ ਤੇ ਆਖ਼ਰੀ ਬਵਾ ਲਿਆਂਦੀ ਸੀ। **ਇਸਰਾਏਲੀ ਜ਼ਬਰਦਸਤੀ ਨਾਲ ਨਿੱਕਲ ਗਏ** ਜਦੋਂ ਉਨ੍ਹਾਂ ਨੇ ਆਪਣੇ ਗੁਲਾਮੀ ਦੇ ਦੇਸ ਨੂੰ ਛੱਡਿਆ (ਕੂਚ 14:8)। ਇਬਰਾਨੀ ਮੁਹਾਵਰਾ ਜਿਸ ਦਾ ਅਨੁਵਾਦ "ਜ਼ਬਰਦਸਤੀ ਨਾਲ" ਕੀਤਾ ਗਿਆ ਹੈ ਸ਼ਾਬਦਿਕ ਤੌਰ ਤੇ "ਧੌਂਸ ਨਾਲ" (ASV) ਜਾਂ "ਹੱਥਾਂ ਨੂੰ ਉਠਾ ਕੇ ਸਤੂਤੀ ਕਰਦੇ ਹੋਏ" ਹੈ। ਕੁਝ ਅਨੁਵਾਦ ਕਹਿੰਦੇ ਹਨ ਉਹ ਇਸਰਾਏਲੀ "ਦਲੇਰੀ ਨਾਲ" (NJPSV; REB; NLT) ਨਿੱਕਲੇ, ਜਦ ਕਿ ਹੋਰ ਅਨੁਵਾਦ "ਫ਼ਖ਼ਰ ਨਾਲ" (RSV; ESV) ਸ਼ਬਦ ਦੀ ਵਰਤੋਂ ਕਰਦੇ ਹਨ। ਉਸ ਸਮੇਂ, **ਮਿਸਰੀ** ਸੋਗ ਕਰ ਰਹੇ ਸਨ ਅਤੇ **ਸਾਰੇ ਪਲੋਠਿਆਂ ਨੂੰ ਜਿਨ੍ਹਾਂ ਨੂੰ ਯਹੋਵਾਹ ਨੇ ਉਨ੍ਹਾਂ ਦੇ ਵਿੱਚ ਮਾਰਿਆ ਸੀ ਦੱਬਣ** ਵਿਚ ਰੁੱਝੇ ਸਨ। ਆਪਣੀ ਚੁਣੀ ਹੋਈ ਪਰਜਾ ਅਤੇ ਉਨ੍ਹਾਂ ਦੇ ਮਿਸਰੀ ਬੇਗਾਰੀਆਂ ਵਿਚਕਾਰ ਸਾਫ਼ ਫ਼ਰਕ ਨੂੰ ਕਰ ਕੇ (ਕੂਚ 11:7), ਪਰਮੇਸ਼ੁਰ ਨੇ ਆਪਣੇ ਆਪ ਨੂੰ ਸੱਚਾ ਸਾਬਤ ਕੀਤਾ ਸੀ ਅਤੇ **ਉਨ੍ਹਾਂ ਦੇ ਦੇਵਤਿਆਂ ਦਾ ਫ਼ੈਸਲਾ ਕਰ ਕੇ ਉਨ੍ਹਾਂ ਨੂੰ ਸਜ਼ਾ ਦਿੱਤੀ** (ਕੂਚ 12:12)।

**ਆਇਤਾਂ 5-37.** ਅੱਗੇ ਆਉਣ ਵਾਲੀਆਂ ਆਇਤਾਂ ਮੂਲ ਰੂਪ ਵਿਚ ਚਾਲੀ ਨਾਵਾਂ - ਜਾਂ

ਬਤਾਲੀ ਨਾਵਾਂ ਦੀ ਇਕ ਸੂਚੀ ਹੈ ਜਿਸ ਵਿਚ ਇਸਰਾਏਲੀਆਂ ਦੇ ਮਿਸਰ ਤੋਂ ਨਿੱਕਲਣ ਦੇ ਸਮੇਂ ਤੋਂ ਲੈ ਕੇ ਯਰਦਨ ਦੇ ਚੜ੍ਹਦੇ ਪਾਸੇ ਵੱਲ ਉਨ੍ਹਾਂ ਦੀ ਮੰਜਿਲ ਤੱਕ ਪਹੁੰਚਣ ਦੀ ਗਿਣਤੀ ਹੈ। ਹਰ ਭੂਗੋਲਿਕ ਟਿੱਪਣੀ ਇੱਕੋ ਸ਼ੈਲੀ ਵਿਚ ਲਿਖੀ ਗਈ ਹੈ ਜੋ ਕਹਿੰਦੀ ਹੈ ਕਿ **ਇਸਰਾਏਲੀਆਂ** [ਜਾਂ ਉਨ੍ਹਾਂ] **ਨੇ** _________ **ਤੋਂ ਕੂਚ ਕਰ ਕੇ** _________ **ਵਿੱਚ [ਅੱਗੇ** ਜਾਂ **ਕੋਲ]** ਡੇਰੇ ਲਾਏ। *ਦ ਆਈਵੀਪੀ ਬਾਈਬਲ ਬੈਕਗਰਾਊਂਡ ਕਮੈਂਟਰੀ* ਅਨੁਸਾਰ, ਇਸ ਤਰ੍ਹਾਂ ਦੀ ਸੂਚੀ ਸੱਭਿਆਚਾਰਕ ਵਾਤਾਵਰਣ ਵਿਚ ਬਿਲਕੁਲ ਢੁਕਵੀਂ ਬੈਠਦੀ ਹੈ:

> ਪ੍ਰਾਚੀਨ ਮਸੋਪੋਤਾਮੀਆ ਇਤਹਾਸ ਵਿਚ ਸਫ਼ਰਨਾਮੇ ਦਾ ਰੂਪ ਆਮ ਹੈ, ਨੌਵੀਂ ਸਦੀ ਈਸਵੀ ਪੂਰਵ ਦੇ ਸਫ਼ਰਨਾਮਿਆਂ ਸਮੇਤ ... ਜਿਵੇਂ ਕਿ ਅੱਸ਼ੂਰ ਦੇ ਰਾਜੇ, ਜਿਨ੍ਹਾਂ ਨੇ ਉਨ੍ਹਾਂ ਦੇ ਰੁਕਣ ਦਿਆਂ ਥਾਵਾਂ ਅਤੇ ਜਿੱਤਣ ਵਾਲੇ ਨਗਰਾਂ ਨੂੰ ਧਿਆਨ ਵਿਚ ਰੱਖਦੇ ਹੋਏ ਉਨ੍ਹਾਂ ਦੀਆਂ ਮੁਹਿੰਮਾਂ ਦਾ ਵਰਣਨ ਕੀਤਾ ਸੀ। ਇਨ੍ਹਾਂ ਦੇ ਨੇੜੇ ਮਿਸਰੀ ਸਫ਼ਰਨਾਮੇ ਹਨ ਜਿਨ੍ਹਾਂ ਨੂੰ ਸੀਰੀਆਈ-ਫਲਿਸਤੀ ਖੇਤਰ ਵਿਚ ਉਨ੍ਹਾਂ ਦੇ ਵੱਖ-ਵੱਖ ਸੈਰ-ਸਪਾਟਿਆਂ ਦੀਆਂ ਲਿਖਤਾਂ ਵਿਚ ਸੰਭਾਲ ਕੇ ਰੱਖਿਆ ਗਿਆ ਸੀ।[1]

ਇਸ ਅਧਿਆਇ ਵਿਚ ਮਿਲਣ ਵਾਲੇ ਬਤਾਲੀ ਥਾਵਾਂ ਦੇ ਨਾਵਾਂ ਦੀ ਸੂਚੀ ਆਇਤ ਦੇ ਹਵਾਲੇ ਦੇ ਨਾਲ ਉਨ੍ਹਾਂ ਦੇ ਸਫ਼ਰ ਦੇ ਹਿੱਸੇ ਅਨੁਸਾਰ ਦਿੱਤੀ ਗਈ ਹੈ। ਬਹੁਤ ਸਾਰੀਆਂ ਅਜਿਹੀਆਂ ਥਾਵਾਂ ਵੀ ਹਨ ਜਿਨ੍ਹਾਂ ਦਾ ਨਾਮ ਇਸ ਅਧਿਆਇ ਵਿੱਚੋਂ ਬਾਹਰ ਦਿੱਤਾ ਗਿਆ ਹੈ।

I. ਰਾਮਸੇਸ ਤੋਂ ਲੈ ਕੇ ਲਾਲ ਸਮੁੰਦਰ ਤੱਕ (33:5-10; ਕੂਚ 12-15)

1. **ਰਾਮਸੇਸ** (33:5; ਕੂਚ 12:37)
2. **ਸੁੱਕੋਥ** (33:5; ਕੂਚ 12:37)
3. **ਏਥਾਮ** (33:6; ਕੂਚ 13:20)
4. **ਪੀ-ਹਹੀਰੋਥ**, ਜਾਂ **ਮਿਗ਼ਦੋਲ** (33:7; ਕੂਚ 14:2)
5. **ਮਾਰਾਹ** (33:8; ਕੂਚ 15:23)
6. **ਏਲੀਮ** (33:9; ਕੂਚ 15:27)
7. **ਲਾਲ ਸਮੁੰਦਰ** (33:10)

II. ਲਾਲ ਸਮੁੰਦਰ ਤੋਂ ਲੈ ਕੇ ਸੀਨਈ ਦੀ ਉਜਾੜ ਤੱਕ (33:11-15; ਕੂਚ 16-19)

8. **ਸੀਨ ਦੀ ਉਜਾੜ** (33:11; ਕੂਚ 16:1)
9. **ਦਾਫ਼ਕਾਹ** (33:12)
10. **ਆਲੂਸ਼** (33:13)
11. **ਰਫ਼ੀਦਿਮ** (33:14; ਕੂਚ 17:1)
12. **ਸੀਨਈ ਦੀ ਉਜਾੜ** (33:15; ਕੂਚ 19:2)

III. ਸੀਨਈ ਦੀ ਉਜਾੜ ਤੋਂ ਲੈ ਕੇ ਹੋਰ ਪਹਾੜ ਤੱਕ (33:16-37)

13. **ਕਿਬਰੋਥ-ਹੱਤਅਵਾਹ** (33:16; 11:34)
14. **ਹਸੇਰੋਥ** (33:17; 11:35)
15. **ਰਿਥਮਾਹ** (33:18)
16. **ਰਿੰਮੋਨ-ਪਾਰਸ** (33:19)

17. **ਲਿਬਨਾਹ** (33:20)
18. **ਰਿੱਸਾਹ** (33:21)
19. **ਕਹੇਲਾਥਾਹ** (33:22)
20. **ਸ਼ਾਫ਼ਰ ਪਹਾੜ** (33:23)
21. **ਹਰਾਦਾਹ** (33:24)
22. **ਮਕਹੇਲੋਥ** (33:25)
23 **ਤਾਹਥ** (33:26)
24. **ਥਾਰਹ** (33:27)
25. **ਮਿਥਕਾਹ** (33:28)
26. **ਹਸ਼ਮੋਨਾਹ** (33:29)
27. **ਮੋਸੇਰੋਥ** (33:30)
28. **ਬਨੇ-ਯਆਕਾਨ** (33:31; ਬਿਵਸਥਾ ਸਾਰ 10:6)
29. **ਹੋਰ-ਹਗਿਦਗਾਦ** (33:32)
30. **ਯਾਟਬਾਥਾਹ** (33:33; ਬਿਵਸਥਾ ਸਾਰ 10:7)
31. **ਅਬਰੋਨਾਹ** (33:34)
32. **ਅਸਯੋਨ-ਗਬਰ** (33:35)
33. **ਸੀਨ ਦੀ ਉਜਾੜ**, **ਕਾਦੇਸ਼**-ਬਰਨੇਆ (33:36; 20:1)
34. **ਹੋਰ ਪਹਾੜ** (33:37; 20:22)

ਇਨ੍ਹਾਂ ਥਾਵਾਂ ਦੇ ਨਾਵਾਂ ਤੋਂ ਇਲਾਵਾ, ਕੁਝ ਇਤਹਾਸਕ ਘਟਨਾਵਾਂ ਨੂੰ ਉਜਾਗਰ ਕੀਤਾ ਗਿਆ ਹੈ। 33:8 ਵਿਚ, ਇਸਰਾਏਲੀ **ਸਮੁੰਦਰ ਦੇ ਵਿੱਚੋਂ ਦੀ ਲੰਘ ਕੇ ਆਏ** (ਕੂਚ 14)। 33:9 ਵਿਚ, ਉਨ੍ਹਾਂ ਨੇ "ਏਲੀਮ" ਵਿਚ ਡੇਰੇ ਲਾਏ, ਜਿੱਥੇ ਇਕ ਆਰਾਮਗਾਹ ਸੀ - **ਪਾਣੀ ਦੇ ਬਾਰਾਂ ਸੋਤੇ ਅਰ ਸੱਤਰ ਖਜੂਰ ਦੇ ਬਿਰਛ** (ਕੂਚ 15:27)। 33:14 ਵਿਚ, ਪਰਮੇਸ਼ੁਰ ਨੇ "ਰਫ਼ੀਦਿਮ" ਵਿਚ ਆਪਣੀ ਪਰਜਾ ਨੂੰ ਪਾਣੀ ਦਿੱਤਾ ਸੀ (ਕੂਚ 17:1-7)।

**ਆਇਤਾਂ 38, 39.** ਸਫ਼ਰ ਦੀ ਮਾਰਗ ਸੂਚੀ ਵਿਚ **ਹੋਰ ਪਰਬਤ** ਤੇ, **ਇੱਕ ਸੌ ਤੇਈ ਵਰਿਹਾਂ** ਦੀ ਉਮਰ ਵਿਚ, **ਹਾਰੂਨ ਜਾਜਕ** ਦੀ ਮੌਤ ਦਾ ਉੱਲੇਖ ਹੈ। ਇਹ ਇਸਰਾਏਲੀਆਂ ਦੇ **ਮਿਸਰ** ਵਿੱਚੋਂ ਨਿੱਕਲਣ ਤੋਂ ਬਾਅਦ **ਚਾਲੀਵੇਂ ਵਰਹੇ ਦੇ ਪੰਜਵੇਂ ਮਹੀਨੇ ਦੇ ਪਹਿਲੇ ਦਿਨ** ਹੋਈ ਸੀ (20:23-28)। **ਯਹੋਵਾਹ ਦੇ ਹੁਕਮ** ਨੂੰ ਮੰਨ ਕੇ **ਹਾਰੂਨ** ਪਹਾੜ ਉੱਤੇ ਚੜ੍ਹਿਆ ਅਤੇ ਉੱਥੇ ਉਹ ਮਰ ਗਿਆ। ਹਾਰੂਨ ਦੀ ਮੌਤ ਦਾ ਜ਼ਿਕਰ ਕਿਉਂ ਕੀਤਾ ਗਿਆ ਹੈ ਇਸ ਦਾ ਕਾਰਣ ਨਹੀਂ ਦਿੱਤਾ ਗਿਆ। ਸ਼ਾਇਦ ਇਸ ਲਈ ਕਿਉਂਕਿ ਉਹ ਇਸਰਾਏਲ ਦੇ ਦੋ ਮੁੱਖ ਆਗੂਆਂ ਵਿੱਚੋਂ ਇਕ ਸੀ, ਜਾਂ ਸ਼ਾਇਦ ਇਸ ਲਈ ਕਿਉਂਕਿ ਬਿਵਸਥਾ ਦੇ ਅਨੁਸਾਰ ਪਰਧਾਨ ਜਾਜਕ ਦੀ ਮੌਤ ਦੀ ਅਧਿਆਤਮਕ ਮਹੱਤਤਾ ਸੀ।

**ਆਇਤ 40.** ਸੂਚੀ ਵਿਚ ਅਗਲੀ ਗੱਲ **ਰਾਜਾ ਅਰਾਦ** ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਨੇ **ਇਸਰਾਏਲੀਆਂ ਦੇ ਆਉਣ ਦੀ ਖਬਰ ਸੁਣੀ** ਅਤੇ ਹਮਲਾ ਕੀਤਾ। ਪਰਮੇਸ਼ੁਰ ਨੇ ਇਸਰਾਏਲੀਆਂ ਨੂੰ **ਕਨਾਨੀਆਂ** ਦੇ ਇਸ ਰਾਜਾ ਦੀ ਫੌਜ ਨੂੰ ਹਰਾਉਣ ਦੇ ਯੋਗ ਬਣਾਇਆ ਸੀ (21:1-3)।

**ਆਇਤਾਂ 41-49.** ਛੋਟੇ ਜਿਹੇ ਇਤਿਹਾਸਕ ਵਕਫ਼ੇ ਤੋਂ ਬਾਅਦ, ਥਾਂ ਦੇ ਨਾਵਾਂ ਦੀ ਸੂਚੀ

ਦੁਬਾਰਾ ਸ਼ੁਰੂ ਹੁੰਦੀ ਹੈ ਅਤੇ ਆਇਤ 48 ਵਿਚ ਸਫ਼ਰਨਾਮੇ ਨੂੰ ਖਤਮ ਕਰ ਦਿੰਦੀ ਹੈ।

IV. ਹੋਰ ਪਹਾੜ ਤੋਂ ਲੈ ਕੇ ਮੋਆਬ ਦੇ ਮਦਾਨ ਤੱਕ (33:41-48)

35. **ਸਲਮੋਨਾਹ** (33:41)
36. **ਫੂਨੋਨ** (33:42)
37. **ਓਬੋਥ** (33:43; 21:10)
38. **ਇਯੇ-ਅਬਾਰੀਮ**, ਜਾਂ **ਈਯੇ** (33:44, 45; 21:11)
39. **ਦੀਬੋਨ-ਗਾਦ** (33:45)
40. ਅਲਮੋਨ-ਦਿਬਲਾਤੈਮਾਹ (33:46)
41. ਅਬਾਰੀਮ ਦੇ ਪਹਾੜਾਂ, ਨਬੋ ਦੇ ਅੱਗੇ (33:47)
42. **ਮੋਆਬ ਦੇ ਮਦਾਨ** ਵਿੱਚ ਯਰਦਨ ਉੱਤੇ ਯਰੀਹੋ ਕੋਲ (33:48; 22:1)

ਇਹ ਸੂਚੀ ਕੁਝ ਮੁਸ਼ਕਲਾਂ ਪੇਸ਼ ਕਰਦੀ ਹੈ। ਇਹ ਸੂਚੀ ਉਨ੍ਹਾਂ ਥਾਵਾਂ ਦੇ ਨਾਮ ਨੂੰ ਛੱਡ ਦਿੰਦੀ ਹੈ ਜੋ ਹੋਰ ਕਿਤੇ ਆਉਂਦੇ ਹਨ ਅਤੇ ਉਨ੍ਹਾਂ ਨਾਵਾਂ ਨੂੰ ਸ਼ਾਮਲ ਕਰਦੀ ਹੈ ਜੋ ਇਸਰਾਏਲੀਆਂ ਦੇ ਸਫ਼ਰ ਦੇ ਹੋਰ ਵਿਰਤਾਂਤਾਂ ਵਿਚ ਨਹੀਂ ਮਿਲਦੇ ਹਨ ਅਤੇ ਕਈ ਵਾਰ ਉਨ੍ਹਾਂ ਥਾਵਾਂ ਦੀ ਤਰਤੀਬ ਨੂੰ ਉਲਟਾ ਕਰਦੀ ਪ੍ਰਤੀਤ ਹੁੰਦੀ ਹੈ ਜਿੱਥੇ ਇਸਰਾਏਲੀ ਰੁਕੇ ਸਨ। ਇਸ ਤੋਂ ਇਲਾਵਾ, ਇਨ੍ਹਾਂ ਵਿੱਚੋਂ ਕਈ ਥਾਵਾਂ ਦਾ ਨਾ ਤਾਂ ਕੋਈ ਇਤਿਹਾਸਕ ਨਾ ਹੀ ਕੋਈ ਪੁਰਾਤੱਤਵ (ਉਸ ਨੂੰ ਛੱਡ ਕੇ ਜੋ ਇਸ ਅਧਿਆਇ ਵਿਚ ਮਿਲਦਾ ਹੈ) ਸਬੂਤ ਹੈ। ਉਹ ਥਾਂ ਜਿੱਥੋਂ ਲੋਕਾਂ ਨੇ ਲਾਲ ਸਮੁੰਦਰ ਨੂੰ ਪਾਰ ਕੀਤਾ ਸੀ, ਸੀਨਈ ਦੀ ਥਾਂ ਅਤੇ ਅੱਗੇ ਆਉਣ ਵਾਲੇ ਉਹ ਇਲਾਕੇ ਜਿੱਥੇ ਇਸਰਾਏਲੀ ਭਟਕਦੇ ਰਹੇ ਸਨ ਬਾਈਬਲ ਦੇ ਵਿਦਵਾਨਾਂ ਦੇ ਲਈ ਲੱਭਣ ਵਾਲੀਆਂ ਸਭ ਤੋਂ ਮੁਸ਼ਕਲ ਥਾਵਾਂ ਵਿੱਚੋਂ ਹਨ।[2]

ਇਸ ਸੂਚੀ ਤੇ ਵਿਚਾਰ ਕਰਦਿਆਂ ਕਈ ਹੋਰ ਵਿਚਾਰਾਂ ਨੂੰ ਯਾਦ ਰੱਖਣਾ ਚਾਹੀਦਾ ਹੈ: (1) ਪਰਮੇਸ਼ੁਰ ਦੀ ਪ੍ਰੇਰਣਾ ਪਾਏ ਹੋਏ ਲੇਖਕਾਂ ਦੀ ਚਾਲੀ (ਜਾਂ ਬਤਾਲੀ) ਨਾਵਾਂ ਨੂੰ ਰੱਖਣ ਦੀ ਕੋਸ਼ਿਸ਼ ਕੁਝ ਥਾਵਾਂ ਦੇ ਨਾਵਾਂ ਨੂੰ ਸ਼ਾਮਲ ਕਰਨ ਜਾਂ ਸ਼ਾਮਲ ਨਾ ਕਰਨ ਦੀ ਵਿਆਖਿਆ ਕਰ ਸਕਦੀ ਹੈ। (2) ਇਹ "ਸ਼ੁਰੂ ਕਰਨ ਵਾਲੀਆਂ ਥਾਵਾਂ" ਅਕਸਰ ਡੇਰਾ ਲਾਉਣ ਦੀਆਂ ਥਾਵਾਂ ਦੇ ਬਰਾਬਰ ਸਨ, ਨਾ ਕਿ ਉਹ ਨਗਰ ਜਿੱਥੇ ਕੌਮ ਲੰਬੇ ਸਮੇਂ ਦੇ ਲਈ ਠਹਿਰਦੀ ਸੀ। ਇਹ ਉਨ੍ਹਾਂ ਦੇ ਲਈ ਪੁਰਾਤੱਤਵ ਸਬੂਤ ਦੀ ਕਮੀ ਦੀ ਵਿਆਖਿਆ ਕਰਨ ਵਿਚ ਮਦਦ ਕਰ ਸਕਦਾ ਹੈ। ਉਜਾੜ ਵਿਚ ਭਟਕਣ ਦੇ ਪੂਰੇ ਸਮੇਂ ਦੌਰਾਨ, ਇਸਰਾਏਲੀ ਤੰਬੂਆਂ ਵਿਚ ਰਹਿੰਦੇ ਸਨ ਨਾ ਕਿ ਇਮਾਰਤਾਂ ਵਿਚ ਜਿਨ੍ਹਾਂ ਨਾਲ ਪੁਰਾੱਤਤਵ ਵਿਗਿਆਨੀਆਂ ਦੇ ਖੋਜ ਕਰਨ ਦੇ ਲਈ ਕੁਝ ਬਚ ਜਾਂਦਾ। (3) ਇਸ ਸੂਚੀ ਦਾ ਉਦੇਸ਼ ਸੰਪੂਰਣ ਇਤਿਹਾਸਕ ਲਿਖਤ ਨਹੀਂ ਸੀ; ਇਸ ਦਾ ਮੁਢਲਾ ਉਦੇਸ਼ ਅਧਿਆਤਮਕ ਸੀ।

ਥਾਂ ਦੇ ਨਾਵਾਂ ਦੀ ਗਿਣਤੀ, ਭਾਵੇਂ ਉਨ੍ਹਾਂ ਦੀ ਗਿਣਤੀ ਚਾਲੀ ਜਾਂ ਬਤਾਲੀ ਹੈ, ਸਾਰਥਕ ਹੋ ਸਕਦੀ ਹੈ। ਪੁਰਾਣੇ ਨੇਮ ਵਿਚ, ਪ੍ਰਮੁੱਖ ਅੰਕ "ਚਾਲੀ" ਨੂੰ ਜਲ ਪਰਲੋ (ਉਤਪਤ 7:12, 17), ਸੀਨਈ ਪਰਬਤ ਤੇ ਮੂਸਾ ਦੇ ਸਮੇਂ (ਕੂਚ 24:18; 34:28), ਉਨ੍ਹਾਂ ਦਿਨਾਂ ਨਾਲ ਜੋ ਖੋਜ ਕੱਢਣ ਵਾਲਿਆਂ ਨੇ ਵਾਅਦੇ ਦੀ ਧਰਤੀ ਵਿਚ ਬਿਤਾਏ ਸਨ (ਗਿਣਤੀ 13:25) ਅਤੇ ਇਸਰਾਏਲੀਆਂ ਦੇ ਉਜਾੜ ਵਿਚ ਭਟਕਣ (ਗਿਣਤੀ 32:13) ਨਾਲ ਜੋੜਿਆ ਗਿਆ ਹੈ। ਜਿਵੇਂ ਕਈ ਵਾਰ ਬਾਈਬਲ ਦੀਆਂ ਵੰਸ਼ਾਵਲੀਆਂ ਵਿੱਚੋਂ ਕੁਝ ਵਿਅਕਤੀਆਂ ਦੇ ਨਾਮ ਛੱਡ ਦਿੱਤੇ ਗਏ ਸਨ, ਉਸੇ

ਤਰ੍ਹਾਂ ਇੱਥੇ ਸੰਭਵ ਤੌਰ ਤੇ ਕੁੱਲ ਜੋੜ ਨੂੰ ਚਾਲੀ ਜਾਂ ਬਤਾਲੀ ਬਣਾਉਣ ਦੇ ਲਈ ਕਈ ਵਾਰ ਥਾਵਾਂ ਦੇ ਨਾਵਾਂ ਨੂੰ ਛੱਡ ਦਿੱਤਾ ਗਿਆ ਹੈ। ਮਹੱਤਵਪੂਰਣ ਥਾਂ ਜਿਨ੍ਹਾਂ ਨੂੰ ਸ਼ਾਮਲ ਨਹੀਂ ਸੀ ਕੀਤਾ ਗਿਆ ਉਹ ਮੱਸਾਹ ਅਤੇ ਮਰੀਬਾਹ ਸਨ। ਫਿਰ ਵੀ, ਲਿਖਤ "ਮਿਸਰ ਵਿਚ ਰਾਮਸੇਸ ਤੋਂ ਲੈ ਕੇ ਜਿੱਤ ਤੋਂ ਪਹਿਲਾਂ ਯਰਦਨ ਨਦੀ ਨੂੰ ਪਾਰ ਕਰਨ ਦੇ ਸਫ਼ਰ ਦਾ ਬਹੁਤ ਚੰਗੀ ਤਰ੍ਹਾਂ ਨਾਲ ਪੂਰਣ ਇਤਿਹਾਸ ਪ੍ਰਦਾਨ ਕਰਦੀ ਹੈ।"[3]

ਆਮ ਤੌਰ ਤੇ, ਅਧਿਆਵਾਂ ਵਿਚ ਪਹਿਲੀਆਂ ਥਾਵਾਂ ਜਿਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ ਉਹ ਇਸਰਾਏਲੀਆਂ ਦੇ ਮਿਸਰ ਤੋਂ ਬਚ ਕੇ ਨਿੱਕਲਣ ਅਤੇ ਸੀਨਈ ਵੱਲ ਨੂੰ ਉਨ੍ਹਾਂ ਦੇ ਸਫ਼ਰ ਬਾਰੇ ਦੱਸਦੀਆਂ ਹਨ। ਇਕ ਵਾਰ ਫੇਰ, ਸੂਚੀ ਉਸ ਵਿਰਤਾਂਤ ਨਾਲ ਬਿਲਕੁਲ ਵੀ ਮੇਲ ਨਹੀਂ ਖਾਦੀ ਜੋ ਪੁਸਤਕ ਵਿਚ ਪਹਿਲਾਂ ਮਿਲਿਆ ਸੀ। ਸੂਚੀ ਦੇ ਅੱਧ ਵਿਚਾਲੇ ਥਾਵਾਂ ਦੇ ਜ਼ਿਆਦਾਤਰ ਨਾਮ ਅਣਜਾਣ ਹਨ।

ਸੂਚੀ ਵਿਚ ਦੋ ਮਿਤੀਆਂ ਮਿਲਦੀਆਂ ਹਨ। ਕੂਚ ਦੀ ਮਿਤੀ "ਪਹਿਲੇ ਮਹੀਨੇ ਦੇ ਪੰਦਰਵੇਂ ਦਿਨ" ਹੈ (33:3) ਅਤੇ ਹਾਰੂਨ ਦੀ ਮੌਤ ਦੀ ਮਿਤੀ "ਇਸਰਾਏਲੀਆਂ ਦੇ ਮਿਸਰ ਦੇਸ ਤੋਂ ਨਿੱਕਲਣ ਦੇ ਚਾਲੀਵੇਂ ਵਰਹੇ" ਵਿਚ "ਪੰਜਵੇਂ ਮਹੀਨੇ ਦੇ ਪਹਿਲੇ ਦਿਨ" ਹੈ (33:38)। ਇਸ ਲਈ, ਇਹ ਸੂਚੀ ਇਸਰਾਏਲੀਆਂ ਦੇ ਉਜਾੜ ਵਿਚ ਭਟਕਦੇ ਰਹਿਣ ਦੇ ਪੂਰੇ ਸਮੇਂ ਦਾ ਵਰਣਨ ਕਰਦੀ ਹੈ।

ਇਸ ਤੋਂ ਵੀ ਵੱਧ ਮਹੱਤਵਪੂਰਣ ਸ਼ਾਇਦ ਉਹ ਘਟਨਾਵਾਂ ਹਨ ਜਿਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ। ਖੋਜ ਕੱਢਣ ਵਾਲਿਆਂ ਦੀ ਝੂਠੀ ਰਪੋਟ ਦੇ ਸੰਬੰਧ ਵਿਚ ਇਸਰਾਏਲੀਆਂ ਦੇ ਧਰਮ ਤਿਆਗ ਦੇ ਬਾਰੇ ਅਤੇ ਨਾ ਹੀ ਮੌਤ ਦੀ ਸਜ਼ਾ ਬਾਰੇ ਜਿਸ ਦਾ ਪਰਮੇਸ਼ੁਰ ਨੇ ਉਸ ਮੌਕੇ ਤੇ ਐਲਾਨ ਕੀਤਾ ਸੀ ਕੁਝ ਨਹੀਂ ਕਿਹਾ ਗਿਆ ਹੈ। ਉਜਾੜ ਵਿਚ ਇਸਰਾਏਲੀਆਂ ਦੁਆਰਾ ਕੀਤੇ ਗਏ ਹੋਰ ਬਹੁਤ ਸਾਰੇ ਪਾਪਾਂ ਦਾ ਕੋਈ ਵਿਰਤਾਂਤ ਨਹੀਂ ਹੈ।

ਇਸ ਸੂਚੀ ਨੂੰ ਕਿਉਂ ਸ਼ਾਮਲ ਕੀਤਾ ਗਿਆ ਸੀ? ਹਾਲਾਂਕਿ ਪ੍ਰਾਚੀਨ ਮਸੋਪੋਤਾਮੀਆ ਵਿਚ ਅਜਿਹੇ ਸਫ਼ਰਨਾਮੇ ਆਮ ਗੱਲ ਸਨ, ਅਸੀਂ ਇਹ ਨਿਸ਼ਚਤ ਹੋ ਸਕਦੇ ਹਾਂ ਕਿ ਪਰਮੇਸ਼ੁਰ ਨੇ ਮੂਸਾ ਨੂੰ ਗਿਣਤੀ ਦੀ ਪੁਸਤਕ ਵਿਚ ਇਸ ਸੂਚੀ ਨੂੰ ਸਿਰਫ ਉਸ ਇਤਿਹਾਸਕ ਰੁਚੀ ਕਰਕੇ ਸ਼ਾਮਲ ਕਰਨ ਦੀ ਪ੍ਰੇਰਣਾ ਨਹੀਂ ਸੀ ਦਿੱਤੀ ਜੋ ਭਵਿੱਖ ਦੀਆਂ ਪੀੜ੍ਹੀਆਂ ਦੀ ਅਜਿਹੀ ਲਿਖਤ ਵਿਚ ਹੋ ਸਕਦੀ ਸੀ। ਬਲਕਿ, ਇਸ ਦਾ ਉਦੇਸ਼ ਇਸ ਦੇ ਪਾਠਕਾਂ ਨੂੰ ਕੋਈ ਆਤਮਿਕ ਲਾਭ ਦੇਣਾ ਸੀ। ਇਸ ਸਫ਼ਰਨਾਮੇ ਨੂੰ ਪੜ੍ਹਨ ਤੋਂ ਇਕ ਵਿਅਕਤੀ ਨੂੰ ਜੋ ਅਹਿਸਾਸ ਹੁੰਦਾ ਹੈ ਉਹ ਇਹ ਹੈ ਕਿ ਹਾਲਾਂਕਿ ਇਸਰਾਏਲੀਆਂ ਨੇ ਕਈ ਸਾਲਾਂ ਤੱਕ ਇਕ ਲੰਮਾ ਸਫ਼ਰ ਕੀਤਾ ਸੀ, ਪਰਮੇਸ਼ੁਰ ਹਮੇਸ਼ਾ ਉਨ੍ਹਾਂ ਦੇ ਨਾਲ ਰਿਹਾ ਸੀ। ਪਰਮੇਸ਼ੁਰ ਨੇ ਉਨ੍ਹਾਂ ਨੂੰ ਮਿਸਰ ਦੀ ਗੁਲਾਮੀ ਤੋਂ ਛੁਡਾਇਆ ਸੀ, ਉਨ੍ਹਾਂ ਨੂੰ ਲਾਲ ਸਮੁੰਦਰ ਪਾਰ ਕਰਵਾਇਆ ਸੀ, ਉਜਾੜ ਵਿਚ ਉਨ੍ਹਾਂ ਦੀਆਂ ਜਰੂਰਤਾਂ ਨੂੰ ਪੂਰਾ ਕੀਤਾ ਸੀ ਅਤੇ ਉਨ੍ਹਾਂ ਦੇ ਵੈਰੀਆਂ ਨੂੰ ਹਰਾਇਆ ਸੀ।

ਇਸ ਅਧਿਆਇ ਵਿਚ ਇਸਰਾਏਲੀਆਂ ਦੇ ਪਾਪਾਂ ਦਾ ਕੋਈ ਹਵਾਲਾ ਨਹੀਂ ਹੈ, ਹਾਲਾਂਕਿ ਮਾਰਾਹ ਦੇ ਜ਼ਿਕਰ ਨੇ ਪਾਣੀ ਦੇ ਬਾਰੇ ਉਨ੍ਹਾਂ ਨੂੰ ਬੁੜ ਬੁੜਾਉਣ ਬਾਰੇ ਚੇਤੇ ਕਰਵਾ ਦਿੱਤਾ ਹੋਵੇਗਾ। ਹਾਰੂਨ ਦੀ ਮੌਤ ਨੂੰ ਛੱਡ ਕੇ, ਇਸ ਅਧਿਆਇ ਵਿਚ ਕੋਈ ਬੁਰੀ ਖ਼ਬਰ ਨਹੀਂ ਹੈ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਪਰਮੇਸ਼ੁਰ ਨਵੀਂ ਪੀੜ੍ਹੀ ਨੂੰ ਕਹਿ ਰਿਹਾ ਹੋਵੇਗਾ ਕਿ "ਭਾਵੇਂ ਕਿ ਤੁਹਾਡੇ ਪਿਉ ਦਾਦਿਆਂ ਨੇ ਪਾਪ ਕੀਤਾ ਸੀ, ਮੈਂ ਉਨ੍ਹਾਂ ਦੇ ਪਾਪਾਂ ਨੂੰ ਮਾਫ਼ ਕਰ ਦਿੱਤਾ ਹੈ। ਤੁਸੀਂ ਹੁਣ ਇਸ ਸਫ਼ਰ ਨੂੰ ਪੂਰਾ ਕਰ ਸਕਦੇ ਹੋ, ਵਾਅਦੇ ਦੀ ਧਰਤੀ ਵਿਚ ਦਾਖਲ ਹੋ ਸਕਦੇ ਹੋ ਅਤੇ ਇਕ ਨਵੀਂ ਸ਼ੁਰੂਆਤ ਦਾ ਅਨੰਦ ਮਾਣ ਸਕਦੇ ਹੋ।" ਇਸ ਲਈ, ਇਸ ਅਧਿਆਇ ਦਾ ਉਦੇਸ਼

ਪਰਮੇਸ਼ੁਰ ਦੀ ਪਰਜਾ ਨੂੰ ਉਤਸ਼ਾਹਿਤ ਕਰਨਾ ਸੀ - ਉਨ੍ਹਾਂ ਨੂੰ ਇਹ ਭਰੋਸਾ ਦਿਵਾਉਣਾ ਕਿ ਜੇਕਰ ਪਰਮੇਸ਼ੁਰ ਚਾਲੀ ਵਰਹੇ ਉਨ੍ਹਾਂ ਦੇ ਨਾਲ ਰਿਹਾ ਸੀ, ਉਹ ਨਿਸ਼ਚਤ ਤੌਰ ਤੇ ਉਨ੍ਹਾਂ ਦੇ ਨਾਲ ਹੋਵੇਗਾ ਜਦੋਂ ਉਹ ਉਸ ਧਰਤੀ ਉੱਤੇ ਕਬਜ਼ਾ ਕਰਨਗੇ ਅਤੇ ਉਸ ਧਰਤੀ ਵਿਚ ਵੱਸਣਗੇ ਜੋ ਉਹ ਉਨ੍ਹਾਂ ਨੂੰ ਦੇ ਰਿਹਾ ਸੀ।

## ਅੱਗੇ ਨੂੰ ਵੇਖਣਾ: ਧਰਤੀ ਦੇ ਵਸਨੀਕਾਂ ਨੂੰ ਬਾਹਰ ਕੱਢਣਾ, ਧਰਤੀ ਨੂੰ ਵੰਡਣਾ (33:50-56)

**50ਯਹੋਵਾਹ ਮੂਸਾ ਨੂੰ ਮੋਆਬ ਦੇ ਮਦਾਨ ਵਿੱਚ ਯਰਦਨ ਉੱਤੇ ਯਰੀਹੋ ਕੋਲ ਬੋਲਿਆ,
51ਇਸਰਾਏਲੀਆਂ ਨਾਲ ਗੱਲ ਕਰ ਅਤੇ ਉਨ੍ਹਾਂ ਨੂੰ ਆਖ ਕਿ ਜਦ ਤੁਸੀਂ ਯਰਦਨ ਦੇ ਪਾਰ
ਕਨਾਨ ਦੀ ਧਰਤੀ ਵਿੱਚ ਲੰਘੋ, 52ਤਾਂ ਤੁਸੀਂ ਉਸ ਧਰਤੀ ਦੇ ਸਾਰੇ ਵਸਨੀਕਾਂ ਨੂੰ ਆਪਣੇ
ਅੱਗਿਓਂ ਕੱਢ ਦਿਓ, ਨਾਲੇ ਉਨ੍ਹਾਂ ਦੇ ਸਾਰੇ ਉੱਕਰੇ ਹੋਏ ਪੱਥਰਾਂ ਨੂੰ ਨਾਸ ਕਰੋ ਅਤੇ ਉਨ੍ਹਾਂ ਦੇ
ਢਾਲੇ ਹੋਏ ਬੁੱਤਾਂ ਨੂੰ ਵੀ ਨਾਸ ਕਰੋ ਅਤੇ ਉਨ੍ਹਾਂ ਦੇ ਸਾਰੇ ਉੱਚੇ ਅਸਥਾਨਾਂ ਨੂੰ ਢਾਹ ਸੁੱਟੋ। 53ਅਤੇ
ਤੁਸੀਂ ਉਸ ਦੇਸ ਉੱਤੇ ਕਬਜ਼ਾ ਕਰ ਕੇ ਉਸ ਵਿੱਚ ਵੱਸੋ ਕਿਉਂ ਜੋ ਮੈਂ ਉਹ ਦੇਸ ਤੁਹਾਨੂੰ ਦਿੱਤਾ
ਹੈ ਕਿ ਤੁਸੀਂ ਉਸ ਉੱਤੇ ਕਬਜ਼ਾ ਕਰੋ। 54ਤੁਸੀਂ ਗੁਣਾ ਪਾ ਕੇ ਉਸ ਦੇਸ ਨੂੰ ਆਪਣੇ ਟੱਬਰਾਂ
ਅਨੁਸਾਰ ਮਿਲਖ ਕਰ ਲਓ। ਬਹੁਤਿਆਂ ਲਈ ਤੁਸੀਂ ਵੱਡੀ ਮਿਲਖ ਦਿਓ ਅਤੇ ਥੋੜ੍ਹਿਆਂ ਲਈ
ਛੋਟੀ ਮਿਲਖ ਦਿਓ। ਜਿੱਥੇ ਕਿਸੇ ਦਾ ਗੁਣਾ ਪਵੇ ਉੱਥੇ ਉਸ ਦੀ ਮਿਲਖ ਹੋਵੇ। ਆਪਣੇ ਪਿਉ
ਦਾਦਿਆਂ ਦਿਆਂ ਗੋਤਾਂ ਅਨੁਸਾਰ ਤੁਸੀਂ ਆਪਣੀ ਮਿਲਖ ਦਿਓ। 55ਪਰ ਜੇ ਤੁਸੀਂ ਉਸ ਦੇਸ
ਦੇ ਵਸਨੀਕਾਂ ਨੂੰ ਆਪਣੇ ਅੱਗੋਂ ਨਾ ਕੱਢੋ ਤਾਂ ਐਉਂ ਹੋਵੇਗਾ ਕਿ ਓਹ ਜਿਨ੍ਹਾਂ ਨੂੰ ਤੁਸੀਂ ਰਹਿਣ
ਦਿਓਗੇ ਤੁਹਾਡੀਆਂ ਅੱਖਾਂ ਵਿੱਚ ਤਿਣ ਅਰ ਤੁਹਾਡੀਆਂ ਪਸਲੀਆਂ ਵਿੱਚ ਕੰਡੇ ਹੋਣਗੇ ਅਤੇ
ਓਹ ਤੁਹਾਨੂੰ ਉਸ ਦੇਸ ਵਿੱਚ ਜਿੱਥੇ ਤੁਸੀਂ ਵੱਸਦੇ ਹੋ ਦੁਖ ਦੇਣਗੇ। 56ਤਾਂ ਐਉਂ ਹੋਵੇਗਾ ਕਿ
ਜਿਵੇਂ ਮੈਂ ਉਨ੍ਹਾਂ ਨਾਲ ਕਰਨਾ ਧਾਰਿਆ ਉਹੀ ਤੁਹਾਡੇ ਨਾਲ ਕਰਾਂਗਾ।**

**ਆਇਤ 50.** ਅਧਿਆਇ ਦੀਆਂ ਆਖ਼ਰੀ ਆਇਤਾਂ ਵਿਚ, ਪਰਮੇਸ਼ੁਰ ਨੇ **ਮੂਸਾ** ਨੂੰ ਹਦਾਇਤਾਂ ਦਿੱਤੀਆਂ। ਇਸ ਸਮੇਂ ਤੱਕ, ਮੁਸਾਫ਼ਰ **ਮੋਆਬ ਦੇ ਮਦਾਨ ਵਿੱਚ ਯਰਦਨ ਉੱਤੇ ਯਰੀਹੋ ਕੋਲ** ਪਹੁੰਚ ਚੁੱਕੇ ਸਨ (ਵੇਖੋ 22:1)।

**ਆਇਤਾਂ 51, 52.** ਇਸ ਸਮੇਂ ਤੇ ਪਰਮੇਸ਼ੁਰ ਦੁਆਰਾ ਦਿੱਤੇ ਗਏ ਹੁਕਮ ਉਸ ਨਾਲ ਸੰਬੰਧਤ ਸਨ ਜੋ ਇਸਰਾਏਲੀਆਂ ਨੇ ਯਰਦਨ ਨੂੰ ਪਾਰ ਕਰਨ ਅਤੇ ਕਨਾਨ ਵਿਚ ਦਾਖਲ ਹੋਣ ਤੋਂ ਬਾਅਦ ਕਰਨਾ ਸੀ। ਉਨ੍ਹਾਂ ਨੇ **ਧਰਤੀ ਦੇ ਸਾਰੇ ਵਸਨੀਕਾਂ ਨੂੰ ਆਪਣੇ ਅੱਗਿਓਂ ਕੱਢਣਾ** ਅਤੇ ਉਸ ਮੂਰਤੀ ਪੂਜਾ ਨਾਲ ਸੰਬੰਧਤ ਹਰੇਕ ਚੀਜ਼ ਨੂੰ **ਨਾਸ ਕਰਨਾ** ਸੀ ਜੋ ਕਨਾਨੀ ਲੋਕ ਕਰਦੇ ਸਨ (ਕੂਚ 23:20-33; 34:11-16; ਬਿਵਸਥਾ ਸਾਰ 7:1-6)। ਕਨਾਨ ਦੇ ਲੋਕਾਂ ਦੇ ਧਰਮ ਨੇ ਪਰਮੇਸ਼ੁਰ ਨਾਲ ਇਸਰਾਏਲ ਦੇ ਸੰਬੰਧ ਵਿਚ ਇਕ ਵੱਡਾ ਖ਼ਤਰਾ ਬਣਨਾ ਸੀ। ਬਾਅਦ ਵਿਚ, ਇਸ ਨੇ ਉਨ੍ਹਾਂ ਦੇ ਵਾਅਦੇ ਦੀ ਧਰਤੀ ਵਿੱਚੋਂ ਬਾਹਰ ਕੱਢੇ ਜਾਣ ਦਾ ਕਾਰਣ ਵੀ ਬਣ ਜਾਣਾ ਸੀ।

ਮੂਰਤੀ ਪੂਜਾ ਨਾਲ ਸੰਬੰਧਤ ਚੀਜ਼ਾਂ ਵਿੱਚੋਂ ਪਹਿਲੀ ਚੀਜ਼ ਜਿਸ ਦਾ ਨਾਸ ਕੀਤਾ ਜਾਣਾ ਸੀ ਉਹ ਸੀ **ਉੱਕਰੇ ਹੋਏ ਪੱਥਰ** (מַשְׂכִּית, *ਮਸਕਿਥ)*। NIV ਬਾਈਬਲ ਇਸ ਸ਼ਬਦ ਦਾ ਅਨੁਵਾਦ ਹੋਰ ਵੀ ਸਧਾਰਣ ਰੂਪ ਵਿਚ "ਉੱਕਰੇ ਹੋਏ ਚਿੱਤਰਾਂ" ਵਜੋਂ ਕਰਦੀ ਹੈ। ਇਸ ਦੇ ਵਿਚ ਲਕੜੀ ਦੇ ਬਣੇ ਹੋਏ ਆਸ਼ਰੇਹ ਥੰਮ੍ਹ ਅਤੇ ਪੱਥਰ ਦੇ ਬਣੇ ਹੋਏ ਬਆਲ ਦੇ ਬੁੱਤ ਸਨ, ਉਹ ਚੀਜ਼ਾਂ ਜੋ ਜਾਂ ਤਾਂ ਉੱਕਰੀਆਂ ਗਈਆਂ ਸਨ ਜਾਂ ਤਰਾਸ਼ੀਆਂ ਗਈਆਂ ਸਨ। ਅਗਲੀ ਚੀਜ਼ ਸੀ **ਢਾਲੇ**

**ਹੋਏ ਬੁੱਤ** (מַסֵּכוֹת, *ਮਾਸੀਕੋਥ)*। ਦੇਵੀ-ਦੇਵਤਿਆਂ ਦੇ ਇਹ ਬੁੱਤ ਮਿੱਟੀ ਦੇ ਇਕ ਢਾਂਚੇ ਵਿਚ ਤਰਲ ਧਾਤੂ ਨੂੰ ਜਿਵੇਂ ਕਿ ਪਿੱਤਲ ਜਾਂ ਤਾਂਬੇ ਨੂੰ ਢਾਲ ਕੇ ਬਣਾਏ ਗਏ ਸਨ। ਅੰਤ ਵਿਚ, **ਉੱਚੇ ਅਸਥਾਨ** (בָּמוֹת, *ਬਾਮੋਥ)* ਉਹ ਥਾਵਾਂ ਸਨ ਜੋ ਓਪਰੇ ਦਿਓਤਿਆਂ ਦੀ ਪੂਜਾ ਕਰਨ ਦੇ ਲਈ ਵਰਤੀਆਂ ਜਾਂਦੀਆਂ ਅਤੇ ਉਹ ਥਾਵਾਂ ਆਮ ਤੌਰ ਤੇ ਪਹਾੜੀ ਦੀਆਂ ਚੋਟੀਆਂ ਤੇ ਹੁੰਦੀਆਂ ਸਨ। ਉੱਚੀ ਥਾਂ ਤੇ ਆਮ ਤੌਰ ਤੇ ਬਲੀ ਦੇ ਲਈ ਇਕ ਜਗਵੇਦੀ, ਖੜ੍ਹੇ ਪੱਥਰ ਅਤੇ ਦੇਵੀ ਜਾਂ ਦੇਵਤੇ ਦੇ ਨਿਸ਼ਾਨ ਹੁੰਦੇ ਸਨ ਜਿਸ ਦੀ ਉੱਥੇ ਪੂਜਾ ਕੀਤੀ ਜਾਂਦੀ ਸੀ।[4]

**ਆਇਤ 53.** ਪਰਮੇਸ਼ੁਰ ਨੇ ਆਪਣੀ ਪਰਜਾ ਨੂੰ **ਦੇਸ ਉੱਤੇ ਕਬਜ਼ਾ ਕਰ ਕੇ ਉਸ ਵਿੱਚ ਵੱਸਣ** ਦੇ ਲਈ ਆਖਿਆ ਸੀ। ਅੰਤ ਵਿਚ, ਉਹ ਉਸ ਦੇਸ ਵਿਚ ਪਹੁੰਚ ਹੀ ਗਏ ਜਿਸ ਦਾ ਵਾਅਦਾ ਉਨ੍ਹਾਂ ਦੇ ਪਿਉ ਦਾਦਿਆਂ - ਅਬਰਾਹਾਮ, ਇਸਹਾਕ ਅਤੇ ਯਾਕੂਬ - ਨੂੰ ਦਿੱਤਾ ਗਿਆ ਸੀ (ਉਤਪਤ 13:14-18; 26:1-5; 28:10-17)। ਪਰਮੇਸ਼ੁਰ ਨੇ ਉਨ੍ਹਾਂ ਨੂੰ ਆਖਿਆ, **ਮੈਂ ਉਹ ਦੇਸ ਤੁਹਾਨੂੰ ਦਿੱਤਾ ਹੈ ਕਿ ਤੁਸੀਂ ਉਸ ਉੱਤੇ ਕਬਜ਼ਾ ਕਰੋ।**

**ਆਇਤ 54.** ਉਨ੍ਹਾਂ ਨੇ ਦੇਸ ਨੂੰ **ਮਿਲਖ ਕਰ ਲੈਣਾ** ਸੀ, **ਗੁਣਾ** [ਗੁਣੇ] ਪਾ ਕੇ **ਟੱਬਰਾਂ** ਵਿਚ ਵੰਡਣਾ ਸੀ, **ਗੋਤਾਂ** ਦੇ ਆਕਾਰ ਨੂੰ ਧਿਆਨ ਵਿਚ ਰੱਖਦੇ ਹੋਏ (ਵੇਖੋ 26:52-56)। **ਬਹੁਤਿਆਂ** ਗੋਤਾਂ ਨੂੰ **ਵੱਡੀ ਮਿਲਖ** ਦਿੱਤੀ ਜਾਣੀ ਸੀ ਅਤੇ **ਥੋੜ੍ਹਿਆਂ** ਗੋਤਾਂ ਨੂੰ **ਛੋਟੀ ਮਿਲਖ** ਦਿੱਤੀ ਜਾਣੀ ਸੀ।

**ਆਇਤਾਂ 55, 56.** ਇਹ ਅਧਿਆਇ ਪਰਮੇਸ਼ੁਰ ਦੇ ਇਸਰਾਏਲੀਆਂ ਨੂੰ ਧਰਤੀ ਦੇ ਵਸਨੀਕਾਂ ਨੂੰ ਬਾਹਰ ਨਾ ਕੱਢਣ ਦੇ ਨਤੀਜਿਆਂ ਦੀ ਚਿਤਾਵਨੀ ਦੇਣ ਦੇ ਨਾਲ ਖਤਮ ਹੁੰਦਾ ਹੈ। ਜਿਹੜੇ ਰਹਿ ਜਾਣਗੇ ਉਹ ਇਸਰਾਏਲੀਆਂ ਨੂੰ **ਤਿਣ** ਅਤੇ **ਕੰਡੇ** ਵਾਂਗ **ਦੁਖ ਦੇਣਗੇ**। ਸ਼ਾਇਦ, ਪਰਮੇਸ਼ੁਰ ਚਿਤਾਵਨੀ ਦੇ ਰਿਹਾ ਸੀ ਕਿ ਉਹ ਇਸਰਾਏਲੀਆਂ ਨੂੰ ਉਨ੍ਹਾਂ ਦੀਆਂ ਘਿਣਾਉਣੀਆਂ ਰੀਤਾਂ ਨੂੰ ਅਪਨਾਉਣ ਦੇ ਲਈ ਪ੍ਰਭਾਵਿਤ ਕਰਨਗੇ। ਤਾਂ ਫਿਰ ਨਤੀਜਾ ਇਹ ਹੋਵੇਗਾ ਕਿ ਪਰਮੇਸ਼ੁਰ ਇਸਰਾਏਲੀਆਂ ਨਾਲ ਉਹੀ ਕਰੇਗਾ ਜੋ ਉਸ ਨੇ ਕਨਾਨੀਆਂ ਦੇ ਨਾਲ ਕਰਨ ਦੀ ਯੋਜਨਾ ਬਣਾਈ ਸੀ: ਜਿਵੇਂ ਪਰਮੇਸ਼ੁਰ ਨੇ ਇਸਰਾਏਲੀਆਂ ਦੇ ਲਈ ਇਨ੍ਹਾਂ ਓਪਰੇ ਲੋਕਾਂ ਨੂੰ ਧਰਤੀ ਵਿੱਚੋਂ ਬਾਹਰ ਕੱਢਣ ਦੀ ਯੋਜਨਾ ਬਣਾਈ ਸੀ, ਉਹ ਉਸ ਧਰਤੀ ਵਿੱਚੋਂ ਇਸਰਾਏਲੀਆਂ ਨੂੰ ਬਾਹਰ ਕੱਢੇਗਾ ਜੋ ਉਸ ਨੇ ਉਨ੍ਹਾਂ ਨੂੰ ਦਿੱਤੀ ਸੀ ਜੇਕਰ ਉਹ ਪਰਮੇਸ਼ੁਰ ਦੀ ਉਲੰਘਣਾ ਕਰਨਗੇ (ਵੇਖੋ ਬਿਵਸਥਾ ਸਾਰ 28:63)।

ਬੀ. ਮਾਰਸਿੰਘ ਦੁਆਰਾ ਇਕ ਹੋਰ ਵਿਚਾਰ ਪੇਸ਼ ਕੀਤਾ ਗਿਆ ਸੀ, ਜਿਸ ਨੇ ਆਖਿਆ ਸੀ ਕਿ ਜੇਕਰ ਇਸਰਾਏਲੀ ਕਨਾਨੀਆਂ ਨੂੰ ਧਰਤੀ ਵਿੱਚੋਂ ਬਾਹਰ ਕੱਢਣ ਅਤੇ ਮੂਰਤੀ ਪੂਜਾ ਦੇ ਉਨ੍ਹਾਂ ਦੇ ਨਿਸ਼ਾਨਾਂ ਨੂੰ ਨਾਸ ਕਰਨ ਤੋਂ ਇਨਕਾਰ ਕਰ ਦਿੰਦੇ, "ਤਾਂ ਯਹੋਵਾਹ ਨੇ ਉਲਟ ਕਰਨ ਦਾ ਵਾਅਦਾ ਕੀਤਾ ਸੀ।" ਪਰਮੇਸ਼ੁਰ ਨੇ ਕਿਹਾ, "ਉਹ ਗੱਲਾਂ ਜੋ [ਪਰਮੇਸ਼ੁਰ ਨੇ] ਕਨਾਨੀਆਂ ਤੇ ਲਿਆਂਦੀਆਂ ਗਈਆਂ ਸਨ ਉਸ ਦੀ ਆਪਣੀ ਪਰਜਾ ਤੇ ਲਿਆਂਦੀਆਂ ਜਾਣਗੀਆਂ। ਉਹ ਕਨਾਨ ਵਿਚ ਇਸ ਦੇ ਓਪਰੇ ਵਸਨੀਕਾਂ ਦੇ ਹੱਥੋਂ ਉਸੇ ਤਰ੍ਹਾਂ ਦੇ ਦੁੱਖ ਝੱਲਗਣੇ ਜੋ ਉਨ੍ਹਾਂ ਨੇ ਮਿਸਰੀਆਂ ਦੇ ਹੱਥੋਂ ਝੱਲੇ ਸਨ।"[5]

ਸਗੋਂ ਇਸ ਚਿਤਾਵਨੀ ਨੇ ਵੀ ਇਸਰਾਏਲੀਆਂ ਨੂੰ ਉਤਸ਼ਾਹ ਦਿੱਤਾ ਹੋਵੇਗਾ, ਕਿਉਂਕਿ ਇਹ ਦੱਸਦੀ ਸੀ ਕਿ ਉਹ ਛੇਤੀ ਹੀ ਕਨਾਨ ਵਿਚ ਦਾਖਲ ਹੋ ਜਾਣਗੇ! ਇਕ ਵਾਰ ਜਦੋਂ ਉਹ ਆਪਣੇ ਨਵੇਂ ਘਰ ਵਿਚ ਪਹੁੰਚ ਜਾਣਗੇ, ਉਨ੍ਹਾਂ ਨੂੰ ਇਸ ਦੇ ਅਸਲੀ ਵਸਨੀਕਾਂ ਨੂੰ ਬਾਹਰ ਕੱਢਣਾ ਪਵੇਗਾ; ਪਰ ਪਰਮੇਸ਼ੁਰ ਉਨ੍ਹਾਂ ਨੂੰ ਉਸ ਕੰਮ ਨੂੰ ਪੂਰਾ ਕਰਨ ਦੇ ਯੋਗ ਬਣਾਵੇਗਾ।

# ਪ੍ਰਾਸੰਗਿਕਤਾ

**"ਰਸਤੇ ਤੇ" (33:1-49)**

ਵਿਲੀ ਨੈਲਸਨ ਨਾਮ ਦੇ ਇਕ ਦੇਸ ਦੇ ਸੰਗੀਤ ਗਾਇਕ ਨੇ ਪੂਰੇ ਵਿਸ਼ਵ ਵਿਚ "ਆਨ ਦ ਰੋਡ ਅਗੇਨ" ਗੀਤ ਗਾਇਆ। ਜਿਵੇਂ ਇਸਰਾਏਲੀ ਲਗਭਗ ਚਾਲੀ ਸਾਲ ਦੇ ਲਈ "ਰਸਤੇ ਤੇ" - ਨਿਰੰਤਰ ਸਫ਼ਰ ਕਰ ਰਹੇ - ਸਨ (33:1-49), ਉਸ ਤਰ੍ਹਾਂ ਮਸੀਹੀ ਲੋਕ ਇਸ ਸੰਸਾਰ ਦੇ ਵਿੱਚੋਂ ਸਫ਼ਰ ਕਰਦੇ ਹੋਏ "ਰਸਤੇ ਤੇ" ਹਨ। ਸਾਨੂੰ ਆਖ਼ਰਕਾਰ ਸਾਡੇ ਅਸਲੀ ਘਰ, ਸੁਰਗ ਵਿਚ ਵੱਸਣ ਦੀ ਉਡੀਕ ਕਰਨੀ ਚਾਹੀਦੀ ਹੈ!

ਮਸੀਹੀ ਜੀਵਨ ਦੀ ਤੁਲਨਾ ਅਕਸਰ ਇਕ ਸਫ਼ਰ ਦੇ ਨਾਲ ਕੀਤੀ ਜਾਂਦੀ ਹੈ। ਉਦਾਹਰਣ ਦੇ ਲਈ, ਸਤਾਰਵੀਂ ਸਦੀ ਦਾ ਇਕ ਪ੍ਰਸਿੱਧ ਨਾਵਲ *ਪਿਲਗਰਿਮਸ ਪਰੋਗਰੈਸ* ਜੋ ਕਿ ਜੌਨ ਬਨਯਨ ਦੁਆਰਾ ਲਿਖਿਆ ਗਿਆ ਸੀ, ਇਕ ਮਸੀਹੀ ਵਿਅਕਤੀ ਦੇ ਜੀਵਨ ਦੀ ਇਕ ਮੁਸਾਫ਼ਰ ਦੇ ਰੂਪ ਵਿਚ ਤਸਵੀਰ ਪੇਸ਼ ਕਰਦਾ ਹੈ ਜੋ "ਸੁਰਗੀ ਸ਼ਹਿਰ" ਵੱਲ ਨੂੰ ਸਫ਼ਰ ਕਰ ਰਿਹਾ ਹੈ।

ਨਵੇਂ ਨੇਮ ਵਿਚ, ਕਲੀਸੀਆਂ ਦੀ ਤੁਲਨਾ ਉਜਾੜ ਵਿਚ ਇਸਰਾਏਲ ਦੇ ਨਾਲ ਕੀਤੀ ਗਈ ਹੈ। ਪਰਮੇਸ਼ੁਰ ਦੀ ਪ੍ਰੇਰਣਾ ਪਾਏ ਹੋਏ ਲੇਖਕਾਂ ਨੇ ਧਰਮ ਤਿਆਗ ਦੇ ਵਿਰੁੱਧ ਮਸੀਹੀ ਲੋਕਾਂ ਨੂੰ ਚਿਤਾਵਨੀ ਦੇਣ ਦੇ ਲਈ ਇਸਰਾਏਲ ਦੇ ਅਨੁਭਵ ਨੂੰ ਵਰਤਿਆ ਸੀ (1 ਕੁਰਿੰਥੀਆਂ 10:1-12; ਇਬਰਾਨੀਆਂ 3; 4)। ਇਸ ਤੋਂ ਇਲਾਵਾ, ਯਿਸੂ ਨੇ ਆਖਿਆ ਸੀ ਕਿ ਉਸ ਦੇ ਚੇਲੇ ਜਾਂ ਉਸ ਦੇ ਪਿੱਛੇ ਚੱਲਣ ਵਾਲੇ "ਜਗਤ ਵਿੱਚ ਹਨ" ਪਰ "ਜਗਤ ਦੇ" ਨਹੀਂ ਹਨ (ਯੂਹੰਨਾ 17:11, 16)। ਪੌਲੁਸ ਨੇ ਟਿੱਪਣੀ ਕੀਤੀ ਹੈ ਕਿ "ਅਸੀਂ ਸੁਰਗ ਦੀ ਪਰਜਾ ਹਾਂ" (ਫ਼ਿਲਿੱਪੀਆਂ 3:20), ਧਰਤੀ ਦੀ ਨਹੀਂ ਅਤੇ ਪਤਰਸ ਨੇ ਲਿਖਿਆ ਹੈ ਕਿ ਮਸੀਹੀ ਲੋਕ ਇਸ ਜਗਤ ਵਿਚ "ਪਰਦੇਸੀ ਅਤੇ ਮੁਸਾਫ਼ਰ" ਹਨ (1 ਪਤਰਸ 2:11)। ਮਸੀਹੀ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਇਹ ਵਿਸ਼ਵਾਸ ਕਰਨ, ਜਿਵੇਂ ਕਿ ਇਕ ਗੀਤ ਆਖਦਾ ਹੈ ਕਿ "ਇਹ ਜਗਤ ਮੇਰਾ ਘਰ ਨਹੀਂ ਹੈ, ਮੈਂ ਸਿਰਫ ਇਸ ਦੇ ਵਿੱਚੋਂ ਦੀ ਲੰਘ ਰਿਹਾ ਹਾਂ"[6] - ਅਤੇ ਸਾਨੂੰ ਇਸ ਦੇ ਅਨੁਸਾਰ ਹੀ ਵਿਹਾਰ ਕਰਨਾ ਚਾਹੀਦਾ ਹੈ।

ਅਸੀਂ ਜੋ ਮਸੀਹੀ ਹਾਂ ਕਿਵੇਂ ਦਾ ਜੀਵਨ ਜੀਵਾਂਗੇ ਜੇਕਰ ਅਸੀਂ ਇਸ ਸੱਚਾਈ ਨੂੰ ਅਪਨਾ ਲਈਏ ਕਿ ਅਸੀਂ "ਰਸਤੇ ਤੇ" ਜਾਂ ਜਿੰਨੀ ਦੇਰ ਤੱਕ ਅਸੀਂ ਧਰਤੀ ਉੱਤੇ ਹਾਂ? (1) ਅਸੀਂ ਇਸ ਵਿਚਾਰ ਨੂੰ ਸਵੀਕਾਰ ਕਰਾਂਗੇ ਕਿ ਸਾਡਾ ਮੁਢਲਾ ਕੰਮ ਸਾਡੇ ਸੁਰਗੀ ਰਾਜਾ ਦੀ ਇੱਛਾ ਨੂੰ ਪੂਰਾ ਕਰਨਾ ਅਤੇ ਉਸ ਦੀ ਖ਼ਾਤਰ ਰਾਜਦੂਤਾਂ ਦੇ ਤੌਰ ਤੇ ਕੰਮ ਕਰਨਾ ਹੈ (2 ਕੁਰਿੰਥੀਆਂ 5:20)। (2) ਅਸੀਂ ਇਹ ਸਮਝ ਜਾਵਾਂਗੇ ਕਿ ਸਾਡੇ ਸਿਧਾਂਤ ਕਿਸੇ ਦੁਨਿਆਵੀ ਅਧਿਕਾਰ ਜਾਂ ਉਨ੍ਹਾਂ ਲੋਕਾਂ ਦੇ ਵਿਚਾਰਾਂ ਦੁਆਰਾ ਜੋ ਸਾਡੇ ਆਲੇ-ਦੁਆਲੇ ਹਨ ਨਿਰਧਾਰਤ ਨਹੀਂ ਕੀਤੇ ਗਏ ਹਨ, ਪਰ ਖੁਦ ਪਰਮੇਸ਼ੁਰ ਦੁਆਰਾ ਨਿਰਧਾਰਤ ਕੀਤੇ ਗਏ ਹਨ। (3) ਅਸੀਂ ਇਸ ਸੰਸਾਰ ਦੀਆਂ ਵਸਤਾਂ ਤੋਂ ਵੱਧ ਮਸੀਹ ਦੀਆਂ ਆਤਿਮਕ ਸੱਚਾਈਆਂ ਨੂੰ ਮਹੱਤਵ ਦੇਵਾਂਗੇ। ਅਸੀਂ "ਧਰਤੀ ਉੱਤੇ ਧਨ" ਜੋੜਨ ਵਿਚ ਨਹੀਂ ਰੁੱਝੇ ਰਹਾਂਗੇ, ਪਰ "ਸੁਰਗ ਵਿੱਚ ਆਪਣੇ ਲਈ ਧਨ" ਜੋੜਨ ਤੇ ਧਿਆਨ ਕੇਂਦਰਿਤ ਕਰਾਂਗੇ (ਮੱਤੀ 6:19, 20)।

---

ਟਿੱਪਣੀਆਂ

[1]ਜੌਨ ਐਚ. ਵਾਲਟਨ, ਵਿਕਟਰ ਐਚ. ਮੈਥਿਊਜ ਅਤੇ ਮਾਰਕ ਡਬਲਿਯੂ. ਚਾਵਲਸ, *ਦਿ ਆਈਵੀਪੀ ਬਾਈਬਲ ਬੈਕਗਰਾਊਂਡ ਕਮੈਂਟਰੀ: ਓਲਡ ਟੈਸਟਾਮੈਂਟ* (ਡਾਊਨਰਸ ਗਰੋਵ, ਇਲੀਨੋਇਸ: ਇੰਟਰਵਰਸਿਟੀ ਪ੍ਰੈਸ, 2000), 168.

[2]ਗੋਰਡਨ ਜੇ. ਵੈਨਹਮ, *ਗਿਣਤੀ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981) ਵਿਚ ਸਫ਼ੇ 220-30 ਤੇ। ਏ. ਨੂਰਡਜ਼ਿਜ, *ਗਿਣਤੀ*, ਅਨੁਵਾਦ. ਏਡ ਵੈਨ ਡਰ ਮਾਸ, ਬਾਈਬਲ ਸਟੂਡੈਂਟਸ ਕਮੈਂਟਰੀ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1983) ਵਿਚ ਸਫ਼ੇ 288-90 ਤੇ ਵੀ ਇਨ੍ਹਾਂ ਸਵਾਲਾਂ ਤੇ ਚਰਚਾ ਕੀਤੀ ਗਈ ਹੈ। [3]ਵਾਲਟਨ, ਮੈਥਿਊਜ ਅਤੇ ਚਾਵਲਸ, 168. [4]ਆਰ. ਡੈਨਿਸ ਕੋਲ, "ਗਿਣਤੀ," *ਜ਼ੋਂਡੇਰਵਨ ਇੱਲਸਟ੍ਰੇਟਡ ਬਾਈਬਲ ਬੈਕਗਰਾਊਂਡਸ ਕਮੈਂਟਰੀ*, ਜਿਲਦ 1, *ਉਤਪਤ, ਕੂਚ, ਲੇਵੀਆਂ ਦੀ ਪੋਥੀ, ਗਿਣਤੀ, ਬਿਵਸਥਾ ਸਾਰ*, ਸੰਪਾ, ਜੌਨ ਐਚ. ਵਾਲਟਨ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2009) ਵਿਚ ਸਫ਼ੇ 398-99 ਤੇ। [5]ਬੀ. ਮਾਰਸਿੰਘ, *ਗਿਣਤੀ: ਏ ਪਰੈਕਟੀਕਲ ਕਮੈਂਟਰੀ*, ਅਨੁਵਾਦ. ਜੌਨ ਵਰੈਂਡ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1987), 115. [6]ਐਲਬਰਟ ਈ. ਬਰੂਮਲੀ, "ਦਿਸ ਵਰਲਡ ਇਜ ਨਾੱਟ ਮਾਈ ਹੋਮ," *ਸੌਂਗਸ ਆਫ਼ ਦ ਚਰਚ*, ਰਚਨਾ ਅਤੇ ਸੰਪਾਦਨ, ਆਲਟਨ ਐਚ. ਹੋਵਰਡ (ਵੈਸਟ ਮੋਨਰੋ, ਲੂਸੀਆਨਾ: ਹੋਵਰਡ ਪਬਲਿਸ਼ਰਜ, 1977)।